# PC–10559/N

**M–52/2110**

ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)–212

(Semester–III)

(Syllabus December, 2019)

Time : Three Hours] [Maximum Marks : 75

## ਭਾਗ-ੳ

I. ਕਿਸੇ ਦੋ ਕਵਿਤਾਵਾਂ ਦਾ ਸਾਰ ਲਿਖੋ :

(ੳ) ਵਿਦਿਆ ਵਿਚਾਰੀ : ਗੁਰੂ ਨਾਨਕ ਦੇਵ ਜੀ

(ਅ) ਇਸ਼ਕ ਦੀ ਨਵੀਉਂ ਨਵੀਂ ਬਹਾਰ : ਬੁੱਲ੍ਹੇ ਸ਼ਾਹ

(ੲ) ਜੰਗਨਾਮਾ : ਸ਼ਾਹ ਮੁਹੰਮਦ

(ਸ) ਤਾਜ ਮਹੱਲ : ਮੋਹਨ ਸਿੰਘ

(ਹ) ਅਸੀਂ ਲੜਾਂਗੇ ਸਾਥੀ : ਪਾਸ਼। 2×5=10

II. ਹੇਠ ਦਿੱਤੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ *ਇਕ* ਦਾ ਭਾਵ ਅਰਥ ਲਿਖੋ :

(ੳ) ਕੂਕੇ ਮਾਰ ਹੀ ਮਾਰ ਕੇ ਪਕੜ ਛਮਕਾਂ,
ਪਰੀ ਆਦਮੀ 'ਤੇ ਕਹਿਰਵਾਨ ਹੋਈ।
ਰਾਂਝੇ ਉੱਠ ਕੇ ਆਖਿਆ, 'ਵਾਰ ਸੱਜਣ!'
ਹੀਰ ਹੱਸ ਕੇ ਤੇ ਮਿਹਰਬਾਨ ਹੋਈ।

(ਅ) ਨਿਸ਼ਕਦੇ ਨੇ ਪਿੰਡੇ ਗੁੰਨ੍ਹੇ ਹੋਏ ਤੇਲ ਦੇ
ਮਾਰਦੇ ਨੇ ਛਾਲਾਂ ਦੂਲੇ ਡੰਡ ਪੇਲਦੇ।
ਕਿੱਸੂ ਨੂੰ ਸੁਰੇਣਾ ਪਹਿਲੇ ਹੱਥ ਢਾ ਗਿਆ।
ਮਾਰਦਾ ਦਪਾਮੇ ਜੱਟ ਮੇਲੇ ਆ ਗਿਆ।

(ੲ) ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ।
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।

5

## ਭਾਗ-ਅ

III. ਹੇਠ ਲਿਖੇ *ਦਸ* ਸ਼ਬਦਾਂ ਦੇ ਸ਼ਬਦ-ਜੋੜ ਠੀਕ ਕਰਕੇ ਲਿਖੋ :
ਸ਼ੈਹਰ, ਪੈਹਰ, ਹਿੰਦਸਤਾਨ, ਪੂੰਛ, ਸਾਝ, ਝਗ, ਗੋੜਾ, ਸਬਦ, ਬਕਰੀ, ਸਾਮਲ, ਅਸੀ, ਜਨਵਾਰ, ਜੇਹੜਾ, ਸ਼ੈਹਦ, ਜਰੂਰੀ, ਸੁਨਨਾ। 10

IV. ਹੇਠ ਦਿੱਤੇ ਪੈਰ੍ਹਿਆਂ ਵਿਚੋਂ ਕਿਸੇ *ਇਕ* ਵਿਚ ਵਿਸ਼ਰਾਮ ਚਿੰਨ੍ਹ ਲਗਾਓ :

ਕੰਮ ਹੀ ਪੂਜਾ ਹੈ ਕੰਮ ਨਾਲ ਜੀਵਨ ਵਿਚ ਅਨੁਸ਼ਾਸਨ ਆਉਂਦਾ ਹੈ ਅਨੁਸ਼ਾਸਨ ਵਿਚ ਵੱਡਾ ਵਿਅਕਤੀ ਹੀ ਦੇਸ਼ ਸੰਸਥਾ ਅਤੇ ਪਰਿਵਾਰ ਨੂੰ ਤਰੱਕੀ ਦੇ ਰਾਹ ਤੋਰ ਸਕਦਾ ਹੈ

*ਜਾਂ*

ਬਾਬੇ ਨੇ ਠੰਢਾ ਸਾਹ ਲੈ ਕੇ ਕਿਹਾ ਅੱਜ ਕੱਲ ਉਹ ਕਵੀਸ਼ਰ ਕਿੱਥੇ ਹਨ ਲੋਕਾਂ ਨੂੰ ਵੀ ਪਹਿਲਾਂ ਵਾਲਾ ਕਵੀਸ਼ਰ ਸੁਣਨ ਦਾ ਚਸਕਾ ਨਹੀਂ ਰਿਹਾ ਬਾਬਾ ਸੁਆਦ ਲਿਆ ਛੱਡਿਆ ਈ ਇਕ ਵਾਰ ਤਾਂ ਤੇਰੀਆਂ ਗੱਲਾਂ ਸੁਣਕੇ ਕਵੀਸ਼ਰ ਦੇ ਅਖਾੜੇ ਬਿਲਾਂ ਹੀ ਆਨੰਦ ਆ ਗਿਆ ਮੁੱਛ ਫੁੱਟ ਗੱਭਰੂ ਨੇ ਬਾਬੇ ਦੀ ਗੱਲ ਦਾ ਜੁਆਬ ਦਿੱਤਾ 10

V. ਕਿਸੇ *ਇਕ* ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ :

(ੳ) ਆਨਲਾਈਨ ਸਿਖਿਆ

(ਅ) ਵਿੱਦਿਆਂ ਦੀ ਮਹੱਤਤਾ। 10

## ਭਾਗ-ਏ

VI. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ :

1. 'ਆਸਾ ਮਹਲਾ ॥੧॥' ਤੋਂ ਕੀ ਭਾਵ ਹੈ?

2. 'ਪੰਚ ਰਾਸੀ' ਤੋਂ ਕੀ ਭਾਵ ਹੈ?

3. ਸੂਫ਼ੀ ਕੌਣ ਹੁੰਦੇ ਹਨ?

4. ਵੰਝਲੀ ਕਿਸ ਨੂੰ ਆਖਦੇ ਹਨ?

5. ਵਾਰਿਸ ਸ਼ਾਹ ਦੀ ਹੀਰ ਕਿਹੜੇ ਛੰਦ ਵਿਚ ਹੈ?

6. ਜੰਗਨਾਮਾ ਕਿਸ ਛੰਦ ਵਿਚ ਹੈ?

7. 'ਕਾਦਰ' ਤੋਂ ਕੀ ਭਾਵ ਹੈ?

8. 'ਮੇਲੇ ਵਿਚ ਜੱਟ' ਕਿਸ ਦੀ ਕਵਿਤਾ ਹੈ?

9. 'ਹਲ ਵਾਹੁਣ ਵਾਲੇ' ਕਵਿਤਾ ਕਿਸ ਦੀ ਸਿਫ਼ਤ ਵਿਚ ਹੈ?

10. 'ਤਾਜ ਮਹੱਲ' ਕਿਸ ਦੀ ਰਚਨਾ ਹੈ?

11. ਕੈਦੋਂ ਕੌਣ ਸੀ?

12. 'ਕੱਚ-ਸੂਤਕ' ਕਿਸ ਦੀ ਰਚਨਾ ਹੈ?

13. 'ਬਿਰਹੋਂ ਦਾ ਕਵੀ' ਕਿਸ ਨੂੰ ਕਿਹਾ ਜਾਂਦਾ ਹੈ?

14. ਪਾਸ਼ ਕਿਸ ਕਾਵਿ-ਧਾਰਾ ਦਾ ਕਵੀ ਸੀ?

15. ਪਾਸ਼ ਦੀਆਂ ਕੋਈ ਦੋ ਪੁਸਤਕਾਂ ਦੇ ਨਾਂ ਲਿਖੋ।

15×2=30